ਮਿੱਠੇ ਬੱਚੇ:- "ਮਿੱਠੇ ਬੱਚੇ :- ਗਿਆਨ ਦਾ ਸੁਖ 21 ਪੀੜੀ ਚਲਦਾ ਹੈ, ਉਹ ਹੈ ਸਵਰਗ ਦਾ ਸਦਾ ਸੁਖ, ਭਗਤੀ ਵਿਚ ਤੀਵ੍ਰ ਭਗਤੀ ਨਾਲ ਅਲਪਕਾਲ ਸ਼ਨ ਭੰਗੁਰ ਸੁਖ ਮਿਲਦਾ ਹੈ"

ਪ੍ਰਸ਼ਨ:- ਕਿਹੜੀ ਸ਼੍ਰੀਮਤ ਤੇ ਚੱਲਕੇ ਤੁਸੀਂ ਬੱਚੇ ਸਦਗਤੀ ਨੂੰ ਪ੍ਰਾਪਤ ਕਰ ਸਕਦੇ ਹੋ?

ਉੱਤਰ:- ਬਾਪ ਦੀ ਤੁਹਾਨੂੰ ਸ਼੍ਰੀਮਤ ਹੈ - ਇਸ ਪੁਰਾਣੀ ਦੁਨੀਆ ਨੂੰ ਭੁੱਲ ਇੱਕ ਮੈਨੂੰ ਯਾਦ ਕਰੋ। ਇਸ ਨੂੰ ਹੀ ਬਲਿਹਾਰ ਜਾਣਾ ਤੇ ਜਿਉਂਦੇ ਜੀ ਮਰਨਾ ਕਿਹਾ ਜਾਂਦਾ ਹੈ। ਇਸੇ ਸ਼੍ਰੀਮਤ ਨਾਲ ਤੁਸੀਂ ਸ੍ਰੇਸ਼ਠ ਤੇ ਸ੍ਰੇਸ਼ਠ ਬਣਦੇ ਹੋ। ਤੁਹਾਡੀ ਸਦਗਤੀ ਹੋ ਜਾਂਦੀ ਹੈ। ਸਾਕਾਰ ਮਨੁੱਖ, ਮਨੁੱਖ ਦੀ ਗਤੀ ਨਹੀਂ ਕਰ ਸਕਦੇ। ਬਾਪ ਹੀ ਸਭ ਦਾ ਸਦਗਤੀ ਦਾਤਾ ਹੈ।

ਗੀਤ:- ਓਮ ਨਮਾ ਸ਼ਿਵਾਏ...

ਓਮ ਸ਼ਾਂਤੀ। ਬੱਚਿਆਂ ਨੇ ਗੀਤ ਸੁਣਿਆ। ਗਾਇਆ ਜਾਂਦਾ ਹੈ ਉੱਚੇ ਤੋਂ ਉੱਚ ਭਗਵਾਨ। ਹੁਣ ਭਗਵਾਨ ਦਾ ਨਾਮ ਤੇ ਮਨੁੱਖਮਾਤਰ ਨਹੀਂ ਜਾਣਦੇ। ਭਗਤ ਭਗਵਾਨ ਨੂੰ ਨਹੀਂ ਜਾਣਦੇ, ਜਦੋਂ ਤੱਕ ਕਿ ਭਗਵਾਨ ਆਕੇ ਭਗਤਾਂ ਨੂੰ ਆਪਣੀ ਪਹਿਚਾਣ ਨਾ ਦਵੇ। ਇਹ ਤਾਂ ਸਮਝਾਇਆ ਗਿਆ ਹੈ - ਗਿਆਨ ਅਤੇ ਭਗਤੀ। ਸਤਿਯੁਗ ਤ੍ਰੇਤਾ ਹੈ ਗਿਆਨ ਦੀ ਪ੍ਰਾਲਬਧ। ਹੁਣ ਤੁਸੀਂ ਗਿਆਨ ਸਾਗਰ ਤੋਂ ਗਿਆਨ ਪਾਕੇ ਪੁਰਸ਼ਾਰਥ ਨਾਲ ਆਪਣੀ ਸਦਾ ਸੁਖ ਦੀ ਪ੍ਰਾਲਬਧ ਬਣਾ ਰਹੇ ਹੋ ਫਿਰ ਦਵਾਪਰ - ਕਲਯੁੱਗ ਵਿਚ ਭਗਤੀ ਹੁੰਦੀ ਹੈ। ਗਿਆਨ ਦੀ ਪ੍ਰਾਲਬਧ ਸਤਿਯੁਗ - ਤ੍ਰੇਤਾ ਤੱਕ ਚਲਦੀ ਹੈ। ਗਿਆਨ ਦਾ ਸੁਖ 21 ਪੀੜੀ ਚਲਦਾ ਹੈ। ਉਹ ਹਨ ਸਵਰਗ ਦੇ ਸਦਾ ਸੁਖ। ਨਰਕ ਦਾ ਹੈ ਅਲਪਕਾਲ ਸ਼ਣ ਭੰਗੁਰ ਸੁਖ। ਬੱਚਿਆਂ ਨੂੰ ਸਮਝਾਇਆ ਜਾਂਦਾ ਹੈ ਸਤਿਯੁਗ - ਤ੍ਰੇਤਾ ਗਿਆਨ ਮਾਰਗ ਸੀ, ਨਵੀਂ ਦੁਨੀਆ, ਨਵਾਂ ਭਾਰਤ ਸੀ। ਉਸ ਨੂੰ ਸਵਰਗ ਕਿਹਾ ਜਾਂਦਾ ਹੈ। ਹੁਣ ਤਮੋਪ੍ਰਧਾਨ ਭਾਰਤ ਨਰਕ ਹੋ ਗਿਆ ਹੈ। ਅਨੇਕ ਤਰ੍ਹਾਂ ਦੇ ਦੁੱਖ ਹਨ। ਸਵਰਗ ਵਿਚ ਦੁੱਖ ਦਾ ਨਾਮ - ਨਿਸ਼ਾਨ ਨਹੀਂ ਰਹਿੰਦਾ। ਗੁਰੂ ਕਰਨ ਦੀ ਲੋੜ ਹੀ ਨਹੀਂ। ਭਗਤਾਂ ਦਾ ਉਧਾਰ ਭਗਵਾਨ ਨੂੰ ਹੀ ਕਰਨਾ ਹੈ। ਹੁਣ ਕਲਯੁੱਗ ਦਾ ਅੰਤ ਹੈ, ਵਿਨਾਸ਼ ਸਾਮ੍ਹਣੇ ਖੜਾ ਹੈ। ਬਾਪ ਆਕੇ ਬ੍ਰਹਮਾ ਦਵਾਰਾ ਗਿਆਨ ਦੇ ਕੇ ਸਵਰਗ ਦੀ ਸਥਾਪਨਾ ਕਰਦੇ ਹਨ ਅਤੇ ਸ਼ੰਕਰ ਦਵਾਰਾ ਵਿਨਾਸ਼, ਵਿਸ਼ਨੂੰ ਦਵਾਰਾ ਪਾਲਣਾ ਕਰਾਉਂਦੇ ਹਨ। ਪਰਮਾਤਮਾ ਦੇ ਕ੍ਰਤਵਿਆ ਨੂੰ ਕੋਈ ਸਮਝਦੇ ਨਹੀਂ। ਮਨੁੱਖ ਨੂੰ ਪਾਪ ਆਤਮਾ, ਪੁੰਨ ਆਤਮਾ ਕਿਹਾ ਜਾਂਦਾ ਹੈ, ਪਾਪ ਪਰਮਾਤਮਾ, ਪੁੰਨ ਪਰਮਾਤਮਾ ਨਹੀਂ ਕਿਹਾ ਜਾਂਦਾ। ਮਹਾਤਮਾ ਨੂੰ ਵੀ ਮਹਾਨ ਆਤਮਾ ਕਹਾਂਗੇ, ਮਹਾਨ ਪਰਮਾਤਮਾ ਨਹੀਂ ਕਹਾਂਗੇ। ਆਤਮਾ ਪਵਿੱਤ੍ਰ ਬਣਦੀ ਹੈ। ਬਾਪ ਨੇ ਸਮਝਾਇਆ ਹੈ - ਪਹਿਲੇ - ਪਹਿਲੇ ਮੁੱਖ ਹਨ ਦੇਵੀ - ਦੇਵਤਾ ਧਰਮ ਵਾਲੇ, ਉਸ ਵੇਲੇ ਸੂਰਜਵੰਸ਼ੀ ਹੀ ਰਾਜ ਕਰਦੇ ਸਨ, ਚੰਦ੍ਰਵੰਸ਼ੀ ਨਹੀਂ ਸਨ, ਇੱਕ ਧਰਮ ਸੀ। ਭਾਰਤ ਵਿਚ ਸੋਨੇ ਚਾਂਦੀ ਦੇ ਮਹਿਲ ਸਨ, ਹੀਰੇ ਜਵਾਹਰਾਤਾਂ ਨਾਲ ਛੱਤਾਂ - ਦੀਵਾਰਾਂ ਸਭ ਸਜੀਆਂ ਹੋਈਆਂ ਸਨ। ਭਾਰਤ ਹੀਰੇ ਵਰਗਾ ਸੀ, ਉਹ ਹੀ ਭਾਰਤ ਹੁਣ ਕੌਡੀ ਵਰਗਾ ਬਣਿਆ ਹੈ। ਬਾਪ ਕਹਿੰਦੇ ਹਨ ਮੈਂ ਕਲਪ ਦੇ ਅੰਤ ਵਿੱਚ, ਸਤਿਯੁਗ ਆਦਿ ਦੇ ਸੰਗਮ ਤੇ ਆਉਂਦਾ ਹਾਂ। ਭਾਰਤ ਨੂੰ ਮਾਤਾਵਾਂ ਦਵਾਰਾ ਫਿਰ ਤੋਂ ਸਵਰਗ ਬਣਾਉਂਦਾ ਹਾਂ। ਇਹ ਹੈ ਸ਼ਿਵ ਸ਼ਕਤੀ, ਪਾਂਡਵ ਸੈਨਾ। ਪਾਂਡਵਾਂ ਦੀ ਪ੍ਰੀਤ ਇੱਕ ਬਾਪ ਨਾਲ ਹੈ। ਉਨ੍ਹਾਂ ਨੂੰ ਬਾਪ ਪੜ੍ਹਾਉਂਦੇ ਹਨ। ਸ਼ਾਸਤਰ ਆਦਿ ਹਨ ਸਭ ਭਗਤੀ ਮਾਰਗ ਦੀ ਸਮਗ੍ਰੀ। ਉਹ ਹੈ ਭਗਤੀ ਕਲਟ। ਹੁਣ ਬਾਪ ਆਕੇ ਸਭ ਨੂੰ ਭਗਤੀ ਦਾ ਫਲ ਗਿਆਨ ਦਿੰਦੇ ਹਨ, ਜਿਸ ਨਾਲ ਤੁਸੀਂ ਸਦਗਤੀ ਵਿੱਚ ਜਾਂਦੇ ਹੋ। ਸਦਗਤੀ ਦਾਤਾ ਸਭ ਦਾ ਬਾਪ ਇੱਕ ਹੀ ਹੈ। ਬਾਪ ਨੂੰ ਹੀ ਗਿਆਨ ਸਾਗਰ ਕਿਹਾ ਜਾਂਦਾ ਹੈ। ਬਾਕੀ ਮਨੁੱਖ, ਮਨੁੱਖ ਨੂੰ ਮੁਕਤੀ - ਜੀਵਨ ਮੁਕਤੀ ਦੇ ਨਹੀਂ ਸਕਦੇ। ਇਹ ਗਿਆਨ ਕੋਈ ਸ਼ਾਸਤਰਾਂ ਵਿਚ ਨਹੀਂ ਹੈ। ਗਿਆਨ ਸਾਗਰ ਇੱਕ ਬਾਪ ਨੂੰ ਹੀ ਕਿਹਾ ਜਾਂਦਾ ਹੈ, ਉਨ੍ਹਾਂ ਤੋਂ ਤੁਸੀਂ ਵਰਸਾ ਲੈਂਦੇ ਹੋ ਫਿਰ ਸਰਵਗੁਣ ਸੰਪੰਨ, 16 ਕਲਾ ਸੰਪੂਰਨ ਬਣ ਜਾਵੋਗੇ। ਇਹ ਦੇਵਤਾਵਾਂ ਦੀ ਮਹਿਮਾ ਹੈ। ਲਕਸ਼ਮੀ - ਨਾਰਾਇਣ ਹਨ 16 ਕਲਾ ਸੰਪੂਰਨ, ਰਾਮ - ਸੀਤਾ ਹਨ 14 ਕਲਾ। ਇਹ ਪੜ੍ਹਾਈ ਹੈ। ਇਹ ਕੋਈ ਕਾਮਨ ਸਤਿਸੰਗ ਨਹੀਂ ਹੈ। ਸਤ ਹੈ ਹੀ ਇੱਕ, ਉਹ ਹੀ ਆਕੇ ਸਤ ਸਮਝਾਉਂਦੇ ਹਨ। ਇਹ ਹੈ ਹੀ ਪਤਿਤ ਦੁਨੀਆ। ਪਾਵਨ ਦੁਨੀਆ ਵਿਚ ਪਤਿਤ ਹੁੰਦੇ ਹੀ ਨਹੀਂ, ਪਤਿਤ ਦੁਨੀਆ ਵਿਚ ਪਾਵਨ ਹੁੰਦੇ ਨਹੀਂ। ਪਾਵਨ ਬਨਾਉਣ ਵਾਲਾ ਇੱਕ ਹੀ ਬਾਪ ਹੈ। ਆਤਮਾ ਕਹਿੰਦੀ ਹੈ ਸ਼ਿਵਾਏ ਨਮਾ, ਆਤਮਾ ਨੇ ਆਪਣੇ ਬਾਪ ਨੂੰ ਕਿਹਾ ਨਮਸਤੇ। ਜੇਕਰ ਕੋਈ ਕਹਿੰਦੇ ਸ਼ਿਵ ਮੇਰੇ ਵਿੱਚ ਹਨ ਤਾਂ ਫਿਰ ਨਮਸਕਾਰ ਕਿਸ ਨੂੰ ਕਰਦੇ ਹਨ। ਇਹ ਅਗਿਆਨ ਫੈਲਿਆ ਹੋਇਆ ਹੈ। ਹੁਣ ਤੁਸੀਂ ਬੱਚਿਆਂ ਨੂੰ ਤ੍ਰਿਕਾਲਦ੍ਰਸ਼ੀ ਬਣਾਉਂਦੇ ਹਨ। ਤੁਸੀਂ ਜਾਣਦੇ ਹੋ ਸਭ ਆਤਮਾਵਾਂ ਜਿੱਥੇ ਰਹਿੰਦੀਆਂ ਹਨ ਉਹ ਹੈ ਨਿਰਵਾਣਧਾਮ ਸਵੀਟ ਹੋਮ। ਮੁਕਤੀ ਨੂੰ ਤਾਂ ਸਾਰੇ ਯਾਦ ਕਰਦੇ ਹਨ, ਜਿੱਥੇ ਅਸੀਂ ਬਾਪ ਦੇ ਨਾਲ ਰਹਿੰਦੇ ਹਾਂ। ਹੁਣ ਤੁਸੀਂ ਬਾਪ ਨੂੰ ਯਾਦ ਕਰਦੇ ਹੋ। ਸੁਖਧਾਮ ਵਿੱਚ ਜਾਵੋਗੇ ਤਾਂ ਬਾਪ ਨੂੰ ਯਾਦ ਨਹੀਂ ਕਰੋਗੇ। ਹੁਣ ਇਹ ਹੈ ਹੀ ਦੁਖਧਾਮ, ਸਭ ਦੁਰਗਤੀ ਵਿਚ ਹਨ। ਨਵੀਂ ਦੁਨੀਆ ਵਿਚ ਭਾਰਤ ਨਵਾਂ ਸੀ, ਸੁਖਧਾਮ ਸੀ, ਸੂਰਜਵੰਸ਼ੀ - ਚੰਦ੍ਰਵੰਸ਼ੀ ਰਾਜ ਸੀ। ਮਨੁੱਖਾਂ ਨੂੰ ਤੇ ਇਹ ਪਤਾ ਨਹੀਂ ਹੈ ਕਿ ਲਕਸ਼ਮੀ - ਨਾਰਾਇਣ ਅਤੇ ਰਾਧੇ - ਕ੍ਰਿਸ਼ਨ ਦਾ ਕੀ ਕੁਨੈਕਸ਼ਨ ਹੈ? ਉਹ ਰਾਜਕੁਮਾਰੀ, ਉਹ ਰਾਜਕੁਮਾਰ ਵੱਖ - ਵੱਖ ਰਾਜ ਦੇ ਹਨ। ਇਵੇਂ ਨਹੀਂ ਕਿ ਦੋਵੇਂ ਹੀ ਆਪਸ ਵਿਚ ਭਾਈ - ਭੈਣ ਹਨ। ਉਹ ਵੱਖ ਆਪਣੀ ਰਾਜਧਾਨੀ ਵਿਚ ਸੀ, ਸ਼੍ਰੀਕ੍ਰਿਸ਼ਨ ਆਪਣੀ ਰਾਜਧਾਨੀ ਦਾ ਰਾਜਕੁਮਾਰ ਸੀ। ਉਨ੍ਹਾਂ ਦਾ ਸਵੰਬਰ ਹੁੰਦਾ ਹੈ ਤਾਂ ਲਕਸ਼ਮੀ - ਨਾਰਾਇਣ ਬਣਦੇ ਹਨ। ਸਤਿਯੁਗ ਵਿੱਚ ਹਰ ਚੀਜ ਸੁਖ ਦੇਣ ਵਾਲੀ ਹੈ, ਕਲਿਯੁਗ ਵਿੱਚ ਹਰ ਚੀਜ ਦੁੱਖ ਦੇਣ ਵਾਲੀ ਹੈ। ਸਤਿਯੁਗ ਵਿੱਚ ਕਿਸੇ ਦੀ ਅਕਾਲੇ ਮ੍ਰਿਤੂ ਨਹੀਂ ਹੁੰਦੀ। ਤੁਸੀਂ ਬੱਚੇ ਜਾਣਦੇ ਹੋ ਅਸੀਂ ਆਪਣੇ ਪਰਮਪਿਤਾ ਪਰਮਾਤਮਾ ਬਾਪ ਤੋਂ ਸਹਿਜ

ਰਾਜਯੋਗ ਸਿੱਖਦੇ ਹਾਂ - ਨਰ ਤੋਂ ਨਾਰਾਇਣ, ਨਾਰੀ ਤੋਂ ਲਕਸ਼ਮੀ ਬਣਨ ਦੇ ਲਈ। ਇਹ ਸਕੂਲ ਹੈ। ਉਨ੍ਹਾਂ ਸਤਿਸੰਗ ਆਦਿ ਵਿੱਚ ਤਾਂ ਕੋਈ ਐਮ ਆਬਜੈਕਟ ਨਹੀਂ ਹੁੰਦੀ। ਵੇਦ - ਸ਼ਾਸਤਰ ਆਦਿ ਸੁਣਾਉਂਦੇ ਰਹਿੰਦੇ ਹਨ। ਬਾਪ ਦੇ ਦਵਾਰਾ ਤੁਸੀਂ ਇਸ ਮਨੁੱਖ ਸ੍ਰਿਸ਼ਟੀ ਨੂੰ ਹੁਣ ਜਾਣ ਗਏ ਹੋ। ਬਾਪ ਨੂੰ ਹੀ ਨਾਲੇਜ਼ਫੁੱਲ, ਬ੍ਲਿਸਫੁੱਲ, ਰਹਿਮਦਿਲ ਕਿਹਾ ਜਾਂਦਾ ਹੈ। ਗਾਉਂਦੇ ਹਨ - ਓ ਬਾਬਾ, ਆਕੇ ਰਹਿਮ ਕਰੋ। ਹੇਵਿਨਲੀ ਗੌਡ ਫਾਦਰ ਹੀ ਆਕੇ ਹੇਵਿਨ ਸਥਾਪਨ ਕਰਦੇ ਹਨ ਸੰਗਮ ਤੇ।

ਹੇਵਿਨ ਵਿੱਚ ਬਹੁਤ ਘੱਟ ਮਨੁੱਖ ਹੁੰਦੇ ਹਨ। ਬਾਕੀ ਇੰਨੇ ਸਭ ਕਿੱਥੇ ਜਾਣਗੇ? ਬਾਪ ਸਭ ਨੂੰ ਮੁਕਤੀਧਾਮ ਵਿੱਚ ਲੈ ਜਾਂਦੇ ਹਨ। ਸਵਰਗ ਵਿਚ ਸਿਰਫ ਭਾਰਤ ਹੀ ਸੀ, ਫਿਰ ਵੀ ਭਾਰਤ ਹੀ ਰਹੇਗਾ। ਭਾਰਤ ਸੱਚਖੰਡ ਇੱਥੇ ਗਾਇਆ ਹੋਇਆ ਹੈ। ਹੁਣ ਤੇ ਭਾਰਤ ਕੰਗਾਲ ਬਣ ਗਿਆ ਹੈ। ਪੈਸੇ ਦੇ ਲਈ ਭੀਖ ਮੰਗਦੇ ਰਹਿੰਦੇ ਹਨ। ਭਾਰਤ ਹੀਰੇ ਵਰਗਾ ਸੀ, ਹੁਣ ਕੌਡੀ ਮਿਸਲ ਹੈ। ਇਹ ਡਰਾਮਾ ਦੇ ਰਾਜ਼ ਨੂੰ ਸਮਝਣਾ ਹੈ। ਤੁਸੀਂ ਰਚਿਯਤਾ ਬਾਪ ਨੂੰ ਅਤੇ ਉਨ੍ਹਾਂ ਦੀ ਰਚਨਾ ਦੇ ਆਦਿ - ਮਧ - ਅੰਤ ਨੂੰ ਜਾਣਦੇ ਹੋ। ਮਨੁੱਖ ਗਾਉਂਦੇ ਵੀ ਹਨ ਬੰਦੇ ਮਾਤਰਮ, ਪ੍ਰੰਤੂ ਵੰਦਨਾ ਪਵਿਤ੍ਰ ਦੀ ਹੀ ਕੀਤੀ ਜਾਂਦੀ ਹੈ। ਪਰਮਾਤਮਾ ਹੀ ਆਕੇ ਬੰਦੇ ਮਾਤਰਮ ਕਹਿਣਾ ਸ਼ੁਰੂ ਕਰਦੇ ਹਨ। ਸ਼ਿਵਬਾਬਾ ਨੇ ਹੀ ਆਕੇ ਕਿਹਾ ਹੈ - ਨਾਰੀ ਸਵਰਗ ਦਾ ਦਵਾਰ ਹੈ। ਸ਼ਕਤੀ ਸੈਨਾ ਹੈ ਨਾ। ਇਹ ਸਵਰਗ ਦਾ ਰਾਜ ਦਵਾਉਣ ਵਾਲੀ ਹੈ, ਜਿਸ ਨੂੰ ਹੀ ਵਰਲਡ ਆਲਮਈਟੀ ਅਥਾਰਟੀ ਰਾਜ ਕਿਹਾ ਜਾਂਦਾ ਹੈ। ਤੁਸੀਂ ਸ਼ਕਤੀਆਂ ਨੇ ਸਵਰਾਜ ਸਥਾਪਨ ਕੀਤਾ ਸੀ, ਹੁਣ ਫਿਰ ਤੋਂ ਸਥਾਪਨ ਹੋ ਰਿਹਾ ਹੈ। ਰਾਮਰਾਜ ਕਿਹਾ ਜਾਂਦਾ ਹੈ ਸਤਿਯੁਗ ਨੂੰ। ਹੁਣ ਵੀ ਕਹਿੰਦੇ ਹਨ ਰਾਮਰਾਜ ਹੋਵੇ। ਪ੍ਰੰਤੂ ਉਹ ਕੋਈ ਮਨੁੱਖ ਤੇ ਕਰ ਨਹੀਂ ਸਕਦਾ। ਇੰਨਕਾਰਪੋਰੀਅਲ ਗੌਡ ਫਾਦਰ ਹੀ ਆਕੇ ਪੜਾਉਂਦੇ ਹਨ। ਉਨ੍ਹਾਂ ਨੂੰ ਵੀ ਜਰੂਰ ਸ਼ਰੀਰ ਚਾਹੀਦਾ ਹੈ। ਜਰੂਰ ਬ੍ਰਹਮਾ ਤਨ ਵਿਚ ਆਉਣਾ ਪਵੇ। ਸ਼ਿਵਬਾਬਾ ਤੇ ਤੁਸੀਂ ਸਭ ਆਤਮਾਵਾਂ ਦਾ ਬਾਪ ਹੈ। ਪ੍ਰਜਾਪਿਤਾ ਵੀ ਗਾਇਆ ਹੋਇਆ ਹੈ। ਪਿਤਾ ਤੇ ਬਾਪ ਠਹਿਰਿਆ ਨਾ। ਬ੍ਰਹਮਾ ਨੂੰ ਗ੍ਰੇਟ - ਗ੍ਰੇਟ ਗ੍ਰੈਂਡ ਫਾਦਰ ਕਿਹਾ ਜਾਂਦਾ ਹੈ। ਆਦਿ ਦੇਵ ਅਤੇ ਆਦਿ ਦੇਵੀ ਦੋਵੇਂ ਬੈਠੇ ਹਨ, ਤਪੱਸਿਆ ਕਰ ਰਹੇ ਹਨ। ਤੁਸੀਂ ਵੀ ਤਪੱਸਿਆ ਕਰ ਰਹੇ ਹੋ। ਇਹ ਹੈ ਰਾਜਯੋਗ। ਸੰਨਿਆਸੀਆਂ ਦਾ ਹੈ ਹਠਯੋਗ। ਉਹ ਕਦੇ ਰਾਜਯੋਗ ਸਿਖਲਾ ਨਹੀਂ ਸਕਦੇ। ਗੀਤਾ ਆਦਿ ਜੋ ਵੀ ਸ਼ਾਸਤਰ ਹਨ ਉਹ ਸਭ ਹਨ ਭਗਤੀ ਮਾਰਗ ਦੀ ਸਮਗ੍ਰੀ। ਪੜਦੇ ਆਏ ਹਨ ਪ੍ਰੰਤੂ ਤਮੋਪ੍ਰਧਾਨ ਬਣ ਗਏ ਹਨ। ਇਹ ਉਹ ਹੀ ਮਹਾਭਾਰਤ ਲੜਾਈ ਹੈ ਜਿਸ ਨਾਲ ਵਿਨਾਸ਼ ਹੋਣਾ ਹੈ। ਸਾਇੰਸ ਕੋਈ ਵੇਦਾਂ ਵਿੱਚ ਨਹੀਂ ਹੈ। ਉਨ੍ਹਾਂ ਵਿੱਚ ਤੇ ਗਿਆਨ ਦੀਆਂ ਗੱਲਾਂ ਹਨ। ਇਹ ਸਾਇੰਸ ਬੁੱਧੀ ਦਾ ਚਮਤਕਾਰ ਹੈ ਜੋ ਇੰਨਵੈਂਸ਼ਨ ਆਦਿ ਕੱਢਦੇ ਰਹਿੰਦੇ ਹਨ। ਵਿਮਾਨ ਆਦਿ ਬਣਾਉਂਦੇ ਹਨ ਸੁਖ ਦੇ ਲਈ। ਫਿਰ ਪਿੱਛਾੜੀ ਵਿੱਚ ਉਸ ਦੇ ਦਵਾਰਾ ਹੀ ਵਿਨਾਸ਼ ਹੁੰਦਾ ਹੈ। ਇਹ ਸੁਖ ਦਾ ਹੁਨਰ ਭਾਰਤ ਵਿਚ ਹੀ ਰਹਿ ਜਾਵੇਗਾ। ਦੁਖ ਦਾ ਹੁਨਰ, ਮਾਰਨ ਆਦਿ ਦਾ ਖਲਾਸ ਹੋ ਜਾਵੇਗਾ। ਸਾਇੰਸ ਦਾ ਅਕਲ ਚਲਿਆ ਆਉਂਦਾ ਹੈ। ਇਹ ਬੰਬਜ ਆਦਿ ਕਲਪ ਪਹਿਲੇ ਵੀ ਬਣੇ ਸਨ। ਪਤਿਤ ਦੁਨੀਆ ਦਾ ਵਿਨਾਸ਼ ਫਿਰ ਨਵੀਂ ਦੁਨੀਆ ਦੀ ਸਥਾਪਨਾ ਹੋਣੀ ਹੈ। ਬਾਪ ਕਹਿੰਦੇ ਹਨ ਤੁਸੀਂ 84 ਜਨਮ ਪੂਰੇ ਕੀਤੇ ਹਨ, ਹੁਣ ਇਸ ਦੇਹ ਦਾ ਹੰਕਾਰ ਛੱਡ ਮੈਨੂੰ ਬਾਪ ਨੂੰ ਯਾਦ ਕਰੋ ਤਾਂ ਯਾਦ ਦੀ ਯੋਗ ਅਗਨੀ ਨਾਲ ਵਿਕਰਮ ਵਿਨਾਸ਼ ਹੋਣਗੇ। ਰਾਵਣ ਨੇ ਤੁਹਾਡੇ ਤੋਂ ਬਹੁਤ ਵਿਕਰਮ ਕਰਵਾਏ ਹਨ। ਪਾਵਨ ਬਣਨ ਦਾ ਤੇ ਇੱਕ ਹੀ ਉਪਾਏ ਹੈ। ਤੁਸੀਂ ਆਤਮਾ ਤੇ ਹੋ ਹੀ। ਕਹਿੰਦੇ ਵੀ ਹੋ ਮੈਂ ਆਤਮਾ, ਇਵੇਂ ਨਹੀਂ ਕਹੋਗੇ ਕਿ ਮੈਂ ਪਰਮਾਤਮਾ ਹਾਂ। ਕਹਿੰਦੇ ਹੋ ਮੇਰੀ ਆਤਮਾ ਨੂੰ ਰੰਜ ( ਨਾਰਾਜ ) ਨਾ ਕਰੋ। ਆਤਮਾ ਸੋ ਪਰਮਾਤਮਾ ਕਹਿਣਾ ਇਹ ਤਾਂ ਬੜੀ ਵੱਡੀ ਭੁੱਲ ਹੈ। ਹੁਣ ਹੈ ਤਮੋਪ੍ਰਧਾਨ ਵਿਭਚਾਰੀ ਭਗਤੀ। ਜੋ ਆਇਆ ਉਸ ਨੂੰ ਬੈਠ ਪੂਜਦੇ ਹਨ। ਅਵਿਭਚਾਰੀ ਇੱਕ ਦੀ ਯਾਦ ਨੂੰ ਕਿਹਾ ਜਾਂਦਾ ਹੈ। ਹੁਣ ਵਿਭਚਾਰੀ ਭਗਤੀ ਦਾ ਵੀ ਅੰਤ ਹੋਣਾ ਹੈ। ਬਾਪ ਆਕੇ ਬੇਹੱਦ ਦਾ ਵਰਸਾ ਦਿੰਦੇ ਹਨ। ਸਭ ਨੂੰ ਸੁਖ ਦੇਣ ਵਾਲਾ ਇੱਕ ਬਾਪ ਹੈ, ਦੂਸਰਾ ਨਾ ਕੋਈ। ਬਾਪ ਕਹਿੰਦੇ ਹਨ ਮੇਰੇ ਇੱਕ ਨਾਲ ਬੁੱਧੀ ਯੋਗ ਜੋੜਨ ਨਾਲ ਹੀ ਅੰਤ ਮਤੀ ਸੋ ਗਤੀ ਹੋ ਜਾਵੇਗੀ। ਮੈਂ ਹਾਂ ਹੀ ਸਵਰਗ ਦਾ ਰਚਿਯਤਾ। ਇਹ ਕੰਡਿਆਂ ਦੀ ਦੁਨੀਆ ਹੈ। ਇੱਕ ਦੂਜੇ ਨਾਲ ਲੜਦੇ - ਝਗੜਦੇ ਰਹਿੰਦੇ ਹਨ। ਹੁਣ ਇਹ ਪੁਰਾਣੀ ਦੁਨੀਆ ਬਦਲ ਰਹੀ ਹੈ। ਗਿਆਨ ਅੰਮ੍ਰਿਤ ਦਾ ਕਲਸ਼ ਮਾਤਾਵਾਂ ਤੇ ਰੱਖਦੇ ਹਨ। ਇਹ ਹੈ ਨਾਲੇਜ਼। ਪ੍ਰੰਤੂ ਵਿਸ਼ ਦੇ ਤੁਲਨਾ ਵਿਚ ਅੰਮ੍ਰਿਤ ਕਿਹਾ ਗਿਆ ਹੈ। ਕਿਹਾ ਵੀ ਜਾਂਦਾ ਹੈ ਅੰਮ੍ਰਿਤ ਛੱਡ ਵਿਸ਼ ਕਾਹੇ ਨੂੰ ਪੀਏ...। ਸ਼੍ਰੀਮਤ ਨਾਲ ਹੀ ਤੁਸੀ ਸ੍ਰੇਸ਼ਠ ਬਣੋਗੇ। ਪਰਮਪਿਤਾ ਪਰਮਾਤਮਾ ਆਕੇ ਸ਼੍ਰੀਮਤ ਦਿੰਦੇ ਹਨ। ਸ਼੍ਰੀਕ੍ਰਿਸ਼ਨ ਵੀ ਸ਼੍ਰੀਮਤ ਨਾਲ ਅਜਿਹਾ ਬਣਿਆ ਹੋਇਆ ਹੈ। ਇਹ ਸਮਝਣ ਦੀਆਂ ਗੱਲਾਂ ਹਨ। ਇਸ ਸਾਰੀ ਪੁਰਾਣੀ ਦੁਨੀਆ ਨੂੰ ਭੁੱਲ ਇੱਕ ਬਾਪ ਨੂੰ ਯਾਦ ਕਰਨਾ ਹੈ। ਬਲਿਹਾਰ ਵੀ ਹੁਣੇ ਜਾਣਾ ਹੁੰਦਾ ਹੈ, ਇਸਨੂੰ ਹੀ ਜਿਉਂਦੇ ਜੀ ਮਰਨਾ ਕਿਹਾ ਜਾਂਦਾ ਹੈ। ਭਗਤੀ ਮਾਰਗ ਦੀਆਂ ਗੱਲਾਂ ਵੱਖ ਹਨ। ਉਹ ਹੈ ਭਗਤੀ ਕਲਟ। ਭਗਤੀ ਦੇ ਤਾਂ ਢੇਰ ਗੁਰੂ ਹਨ। ਪ੍ਰੰਤੂ ਸਦਗਤੀ ਦਾਤਾ ਇੱਕ ਹੀ ਨਿਰਾਕਾਰ ਪਰਮਪਿਤਾ ਪਰਮਾਤਮਾ ਹੈ। ਸਾਕਾਰ ਮਨੁੱਖ, ਮਨੁੱਖ ਦੀ ਗਤੀ ਕਰ ਨਹੀਂ ਸਕਦੇ। ਸਦਾ ਦੇ ਲਈ ਸੁਖ ਦੇ ਨਹੀਂ ਸਕਦੇ। ਸਦਾ ਸੁਖ ਦੇਣ ਵਾਲਾ ਬਾਪ ਹੈ। ਇਹ ਪਾਠਸ਼ਾਲਾ ਹੈ। ਐਮ ਆਬਜੈਕਟ ਵੀ ਬਾਪ ਦੱਸਦੇ ਹਨ। ਕਹਿੰਦੇ ਹਨ ਤੁਹਾਨੂੰ ਸਵਰਗ ਦੇ ਸੁਖ ਦਾ ਵਰਸਾ ਮਿਲੇਗਾ। ਬਾਕੀ ਸਭ ਮੁਕਤੀਧਾਮ ਵਿੱਚ ਚਲੇ ਜਾਣਗੇ। ਸ਼ਾਂਤੀਧਾਮ, ਸੁਖਧਾਮ ਅਤੇ ਇਹ ਹੈ ਦੁੱਖਧਾਮ। ਇਹ ਚਕ੍ਰ ਫਿਰਦਾ ਰਹਿੰਦਾ ਹੈ, ਉਸਨੂੰ ਸਵਦ੍ਰਸ਼ਨ ਚਕ੍ਰ ਕਿਹਾ ਜਾਂਦਾ ਹੈ। ਇਸ ਡਰਾਮੇ ਦੇ ਚਕ੍ਰ ਤੋਂ ਕੋਈ ਛੁੱਟ ਨਹੀਂ ਸਕਦਾ ਹੈ। ਬਣਾ ਬਣਾਇਆ ਅਵਿਨਾਸ਼ੀ ਪਾਰਟ ਹੈ ਹਰ ਇੱਕ ਦਾ। ਬਾਪ ਤੁਹਾਨੂੰ ਪੜਾ ਕੇ ਮਨੁੱਖ ਤੋਂ ਦੇਵਤਾ ਬਣਾ ਰਹੇ ਹਨ। ਫਿਰ ਜਿਨਾਂ ਜੋ ਪੜਨਗੇ, ਤਾਂ ਕੋਈ ਰਾਜਾ, ਕੋਈ ਪ੍ਰਜਾ ਬਣਨਗੇ। ਸੂਰਜਵੰਸ਼ੀ ਡੀਨੇਸਟੀ ਹੈ ਨਾ। ਸਤਿਯੁਗ ਵਿੱਚ ਸੂਰਜਵੰਸ਼ੀ ਸਨ ਹੋਰ ਕੋਈ ਨਹੀਂ ਸਨ। ਭਾਰਤ ਖੰਡ ਹੀ ਉੱਚ ਤੋਂ ਉੱਚ ਸਚਖੰਡ ਸੀ, ਹੁਣ ਝੂਠਖੰਡ ਬਣਿਆ ਹੈ, ਇਸ ਨੂੰ ਰੋਰਵ ਨਰਕ ਕਿਹਾ ਜਾਂਦਾ ਹੈ। ਪੈਸੇ ਦੇ ਲਈ ਕਿੰਨੀ ਮਾਰਾਮਾਰੀ ਹੁੰਦੀ ਹੈ। ਉੱਥੇ ਤੇ ਕੋਈ ਅਪ੍ਰਾਪਤ ਚੀਜ ਨਹੀਂ ਰਹਿੰਦੀ, ਜਿਸ ਦੀ ਪ੍ਰਾਪਤੀ ਦੇ ਲਈ ਕੋਈ ਪਾਪ ਕਰਨਾ ਪਵੇ। ਬਾਪ ਹੀ ਇਸ ਭ੍ਰਸ਼ਟਾਚਾਰੀ ਦੁਨੀਆ ਨੂੰ ਸ੍ਰੇਸ਼ਠਾਚਾਰੀ ਬਣਾ ਰਹੇ ਹਨ, ਇਨ੍ਹਾਂ ਮਾਤਾਵਾਂ ਦਵਾਰਾ। ਇਨ੍ਹਾਂ ਨੂੰ ਬਾਪ ਵੰਦੇ ਮਾਤਰਮ ਕਹਿੰਦੇ ਹਨ। ਸੰਨਿਆਸੀ ਨਹੀਂ ਕਹਿੰਦੇ ਵੰਦੇ ਮਾਤਰਮ। ਉਨ੍ਹਾਂ ਦਾ ਹੈ ਹੱਦ ਦਾ ਸੰਨਿਆਸ। ਇਹ ਹੈ ਬੇਹੱਦ ਦਾ ਸੰਨਿਆਸ। ਸਾਰੀ ਦੁਨੀਆ ਦਾ

ਬੁੱਧੀ ਤੋਂ ਸੰਨਿਆਸ ਕਰਨਾ ਹੈ। ਸ਼ਾਂਤੀਧਾਮ ਸੁਖਧਾਮ ਨੂੰ ਯਾਦ ਕਰਨਾ ਹੈ। ਦੁੱਖਧਾਮ ਨੂੰ ਭੁੱਲ ਜਾਣਾ ਹੈ। ਬਾਪ ਦਾ ਇਹ ਫ਼ਰਮਾਨ ਹੈ। ਬਾਪ ਆਤਮਾਵਾਂ ਨੂੰ ਸਮਝਾਉਂਦੇ ਹਨ, ਤੁਸੀਂ ਇਨ੍ਹਾਂ ਕੰਨਾਂ ਨਾਲ ਸੁਣਦੇ ਹੋ। ਸ਼ਿਵਬਾਬਾ ਇਨ੍ਹਾਂ ਆਰਗਨਜ਼ ਦਵਾਰਾ ਤੁਹਾਨੂੰ ਸਮਝਾਉਂਦੇ ਹਨ। ਉਹ ਹੈ ਗਿਆਨ ਸਾਗਰ। ਇਹ ਕੋਈ ਸਾਧੂ ਸੰਤ ਮਹਾਤਮਾ ਨਹੀਂ ਹੈ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬਾਪ ਤੇ ਪੂਰਾ ਬਲਿਹਾਰ ਜਾਣਾ ਹੈ। ਦੇਹ ਦਾ ਹੰਕਾਰ ਛੱਡ ਯੋਗ ਅਗਨੀ ਨਾਲ ਵਿਕਰਮ ਵਿਨਾਸ਼ ਕਰਨੇ ਹਨ।

2. ਐਮ ਆਬਜੈਕਟ ਨੂੰ ਬੁੱਧੀ ਵਿੱਚ ਰੱਖ ਕੇ ਪੜਾਈ ਕਰਨੀ ਹੈ। ਬਣੇ ਬਣਾਏ ਡਰਾਮੇ ਨੂੰ ਬੁੱਧੀ ਵਿੱਚ ਰੱਖਕੇ ਸਵਦ੍ਰਸ਼ਨ ਚਕ੍ਰਧਾਰੀ ਬਣਨਾ ਹੈ।

ਵਰਦਾਨ:- ਸਦਾ ਉਮੰਗ - ਉਤਸਾਹ ਦੇ ਪੰਖਾਂ ਦਵਾਰਾ ਉੱਡਦੀ ਕਲਾ ਦੇ ਵਿੱਚ ਉੱਡਣ ਵਾਲੀ ਸ੍ਰੇਸ਼ਠ ਆਤਮਾ ਭਵ।
ਗਿਆਨ - ਯੋਗ ਦੇ ਨਾਲ - ਨਾਲ ਹਰ ਸਮੇਂ, ਹਰ ਕਰਮ ਵਿੱਚ, ਹਰ ਦਿਨ ਨਵਾਂ ਉਮੰਗ - ਉਤਸਾਹ ਬਣਿਆ ਰਹੇ, ਇਹ ਉੱਡਦੀ ਕਲਾ ਦਾ ਆਧਾਰ ਹੈ। ਕਿਵੇਂ ਦਾ ਵੀ ਕੰਮ ਹੋਵੇ, ਭਾਵੇਂ ਸਫ਼ਾਈ ਦਾ ਹੋਵੇ, ਭਾਵੇਂ ਬਰਤਨ ਮਾਂਜਨ ਦਾ ਹੋਵੇ, ਸਧਾਰਨ ਕਰਮ ਹੋਵੇ, ਉਸ ਵਿੱਚ ਵੀ ਉਮੰਗ - ਉਤਸਾਹ ਨੇਚੂਰਲ ਅਤੇ ਨਿਰੰਤਰ ਹੋਵੇ। ਉੱਡਦੀ ਕਲਾ ਵਾਲੀ ਸ੍ਰੇਸ਼ਟ ਆਤਮਾ ਉਮੰਗ - ਉਤਸਾਹ ਦੇ ਪੰਖਾਂ ਨਾਲ ਸਦਾ ਉੱਡਦੀ ਰਹੇਗੀ, ਉਹ ਕਦੇ ਕੰਨਫਿਉਜ ਨਹੀਂ ਹੋਵੇਗੀ, ਛੋਟੀਆਂ - ਛੋਟੀਆਂ ਗੱਲਾਂ ਵਿਚ ਥੱਕ ਕੇ ਰੁਕੇਗੀ ਨਹੀਂ।

ਸਲੋਗਨ:- ਜੋ ਨਿਰਮਾਣਚਿੱਤ, ਅਥੱਕ ਅਤੇ ਸਦਾ ਜਗਦੀ ਜੋਤ ਹਨ - ਉਹ ਹੀ ਵਿਸ਼ਵ ਕਲਿਆਣਕਾਰੀ ਹਨ।

******